(ੲ) ਕੁਲੀ - ਕੁੱਲੀ

(ਸ) ਸ਼ਾਇਦ - ਸ਼ਹਿਦ

(ਹ) ਸੱਤ - ਸੰਤ

5×2=10

---



Roll No. ................................ Total Pages : 4

**BAE/A-15** **105**

## PUNJABI (Compulsory)

Time : Three Hours] [Maximum Marks : 90

ਨੋਟ : ਸਾਰੇ ਪ੍ਰਸ਼ਨ ਹੱਲ ਕਰਨੇ ਹਨ।

1. ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਜਾਤ ਜਨਮ ਤੇ ਅਸਲ ਨਸਲ ਨੂੰ,
ਕੋਵੀ ਕਦੇ ਨਾ ਛਾਣੇ।
ਜਦ ਸੁੰਦਰਤਾ ਦਰਸ਼ਨ ਦੇਵੇ
ਸਭ ਕੋਵੀ ਆਪਣੀ ਜਾਣੇ।

(ਅ) ਜਿਥੇ ਵਜਦੀ ਸੀ ਫੂਕ ਪਿਆਰ ਦੀ,
ਵੇ ਉਹ ਵੰਝਲੀ ਗਈ ਗੁਆਚ।
ਰਾਂਝੇ ਦੇ ਸਭ ਵੀਰ ਅੱਜ ਭੁਲ ਗਏ ਉਹਦੀ ਜਾਚ।
ਧਰਤੀ ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿਚ ਮਜ਼ਾਰੇ ਰੋਣ।

(ੲ) ਲਹਿਲਹਾਂਦੇ ਮੌਸਮ ਦੇ ਦਰਸ਼ਕਾਂ ਨੂੰ ਕੌਣ ਆਖੇ!
ਚਿੜੀ ਦੇ ਫੂੰਗੇ ਫਲਾਂ ਦੇ ਆਸ਼ਕਾਂ ਨੂੰ ਕੌਣ ਬੋਲੇ!
ਕਿ ਗੁਲੇਲਾਂ ਮਾਰਦੇ ਹੱਥਾਂ ਨੂੰ ਫੜਕੇ ਰੋਕ ਦੇਵੋ!
ਪਲ ਰਹੇ ਕੁੱਤੇ ਨੂੰ ਮੋੜੋ !

(ਸ) ਇਸ਼ਕ ਮੇਰੇ ਦੇ ਕੰਨੀ ਮੁੰਦਰਾਂ,

ਹੁਸਨ ਦੇ ਹੋਰੀ ਸਿਕਰੀ ਜੰਮੀ,

ਕੌਣ ਜੁ ਰਣੂ ਸਰਘੀ ਗੇੜੇ,

ਦੇਵੇ ਕਾਲਖ਼ ਮਾਸਾ!

ਪੀੜਾਂ ਸੰਗ ਗਲਵਕੜੀ ਪਾ ਕੇ,

ਕੌਣ ਹੱਸੇ ਹੁਣ ਹਾਸਾ। 10+10=20

**2.** ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ **ਇਕ** ਦਾ ਸਾਰ ਲਿਖੋ:

(ੳ) ਕੁੜੀ ਪੋਠੋਹਾਰ ਦੀ

(ਅ) ਕੰਨਿਆਂ ਦਾਨ

(ੲ) ਕੌਣ ਹੱਸੇ, ਹੁਣ ਹਾਸਾ 10

**3.** ਹੇਠ ਲਿਖੇ ਕਵੀਆਂ ਵਿਚੋਂ ਕਿਸੇ **ਇਕ** ਕਵੀ ਦੇ ਜੀਵਨ ਤੇ ਰਚਨਾ ਉਪਰ ਨੋਟ ਲਿਖੋ:

(ੳ) ਭਾਈ ਵੀਰ ਸਿੰਘ

(ਅ) ਪ੍ਰੋ. ਪੂਰਨ ਸਿੰਘ

(ੲ) ਹਰਭਜਨ ਸਿੰਘ ਕੋਮਲ 10

**4.** ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:

(ੳ) ਧਰਤੀ ਹੇਠਲਾ ਬੌਲਦ

(ਅ) ਪੇਮੀ ਦੇ ਨਿਆਣੇ

(ੲ) ਗੋਈ 10



**5.** ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਬਿਨੈ ਪੱਤਰ ਲਿਖਦੇ ਹੋਏ, ਇਲਾਕੇ ਵਿਚ ਫ਼ੈਲੀਆਂ ਗੰਭੀਰ ਬਿਮਾਰੀਆਂ ਦੀ ਰੋਕਥਾਮ ਸੰਬੰਧੀ ਬੇਨਤੀ ਕਰੋ।

ਜਾਂ

ਆਪਣੇ ਮਿੱਤਰ/ਸਹੇਲੀ ਨੂੰ ਪੱਤਰ ਲਿਖਦੇ ਹੋਏ ਆਪਣੇ ਜੀਵਨ-ਆਦਰਸ਼ ਤੇ ਭਵਿਖੀ ਪ੍ਰੋਗਰਾਮ ਬਾਰੇ ਜਾਣੂੰ ਕਰਾਉ। 10

**6.** ਹੇਠ ਲਿਖੇ ਮੁਹਾਵਰਿਆਂ ਅਤੇ ਅਖੌਤਾਂ ਵਿਚੋਂ ਕਿਸੇ **ਪੰਜ** ਨੂੰ ਵਾਕਾਂ ਵਿਚ ਵਰਤ ਕੇ ਅਰਥ ਸਪੱਸ਼ਟ ਕਰੋ:

(ੳ) ਅੱਖਾਂ ਵਿਚ ਰੜਕਣਾ

(ਅ) ਇੱਟ ਕੁੱਤੇ ਦਾ ਵੈਰ ਹੋਣਾ

(ੲ) ਹੇਠਲੀ ਉੱਤੇ ਕਰ ਦੇਣੀ

(ਸ) ਕੁੱਤੇ ਦੀ ਮੌਤ ਮਰਨਾ

(ਹ) ਆਪਣਾ ਨੀਗਰ ਪਰਾਇਆ ਢੀਗਰ

(ਕ) ਹੱਥ ਕੰਗਣ ਨੂੰ ਆਰਸੀ ਕੀ

(ਖ) ਜੈਸੀ ਸੰਗਤ ਵੈਸੀ ਰੰਗਤ 5×2=10

**7.** ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:

ਉਗਲ, ਅਦਰ, ਛੜਕ, ਹੰਡਾਇਆ, ਮਦ੍ਹਾਣੀ, ਲਿਖਨਾ, ਕਵੀਤਾ, ਬਨਾਵਟ, ਭਾਂਭੜ, ਬਿਮਾਰੀ 10

**8.** ਹੇਠ ਲਿਖੇ ਸ਼ਬਦ-ਜੋੜਿਆਂ ਨੂੰ ਵਾਕਾਂ ਵਿਚ ਵਰਤ ਨੇ ਅਰਥ-ਭੇਦ ਸਪੱਸ਼ਟ ਕਰੋ:

(ੳ) ਕੱਤ - ਕੰਤ

(ਅ) ਤਦ - ਤੰਦ